**THE PUNJAB STATE BOARD OF TECHNICAL EDUCATION AND INDUSTRIAL TRAINING**

PLOT NO. 1-A, SEC. 36-A, CHANDIGARH PH. : 0172-2615385, 2822584-85 FAX : 2660734

**No. PSBTE&IT/ITI/2021/** 1985 **Date:** 3/12/21

ਵੱਲ,

ਪ੍ਰਿੰਸੀਪਲ/ਮੁੱਖੀ

ਸਮੂਹ ਸਰਕਾਰੀ/ ਗੈਰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ/ ਕੇਂਦਰ

ਪੰਜਾਬ।

ਵਿਸ਼ਾ: **ਬੋਰਡ ਆਫ ਡਾਇਰੈਕਟਰਜ਼ ਦੀ 61ਵੀ ਮੀਟਿੰਗ ਵਿਚ ਆਈ.ਟੀ.ਆਈ. ਪ੍ਰੀਖਿਆਵਾਂ ਨਾਲ ਸਬੰਧਤ ਹੋਏ ਫੈਂਸਲੇ ਦੀ ਸੂਚਨਾਂ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਦਸਿਆ ਜਾਂਦਾ ਹੈ ਕਿ ਬੋਰਡ ਦਫਤਰ ਦੀ ਬੋਰਡ ਆਫ ਡਾਇਰੈਕਟਰਜ਼ ਦੀ 61ਵੀਂ ਮੀਟਿੰਗ ਵਿੱਚ ਆਈ.ਟੀ.ਆਈ. ਪ੍ਰੀਖਿਆਵਾਂ ਦੇ ਪ੍ਰੀਖਿਆ ਕੇਂਦਰਾਂ (ਸਰਕਾਰੀ ਆਈ.ਟੀ.ਆਈ./ ਬਹੁਤਕਨੀਕੀ ਕਾਲਜ, ਇੰਜਿਨਅਰਿੰਗ ਕਾਲਜ ਆਦਿ) ਵਿਚ ਪ੍ਰੀਖਿਆ ਦੌਰਾਨ ਹੋਏ ਖਰਚੇ ਸਬੰਧੀ ਅਦਾਇਗੀ ਕਰਨ ਲਈ ਹੇਠ ਦਰਸਾਏ ਅਨੁਸਾਰ ਫੈਸਲਾ ਲਿਆ ਗਿਆ ਹੈ ਜੋ ਕਿ ਅਗਸਤ 2021 ਤੋਂ ਆਉਣ ਵਾਲੀਆਂ/ ਹੋਣ ਵਾਲੀਆਂ ਆਈ.ਟੀ.ਆਈ. ਪ੍ਰੀਖਿਆਵਾਂ ਲਈ ਲਾਗੂ ਮੰਨਿਆ ਹੈ। ਇਹਨਾਂ ਵਿਚ CBT ਆਨ ਲਾਈਨ ਪ੍ਰੀਖਿਆਵਾਂ ਸ਼ਾਮਲ ਨਹੀਂ ਹਨ: -

i. ਬੋਰਡ ਦਫਤਰ ਦੀ ਆਈ.ਟੀ.ਆਈ. ਸ਼ਾਖਾ ਨਾਲ ਸਬੰਧਤ ਪ੍ਰੀਖਿਆਵਾਂ ਦੌਰਾਨ ਪ੍ਰੀਖਿਆ ਕੇਂਦਰਾਂ ਨੂੰ ਸਟੇਸ਼ਨਰੀ ਫੋਟੋਸਟੇਟ ਪੈਕਿੰਗ ਆਦਿ ਲਈ 10/- ਰੁਪਏ ਪ੍ਰਤੀ ਸਿਖਿਆਰਥੀ ਪ੍ਰਤੀ ਸਮੈਸਟਰ/ ਅਨੁਅਲ ਸਿਸਟਮ ਪ੍ਰੀਖਿਆਵਾਂ ਦੇ ਹਿਸਾਬ ਨਾਲ ਫਿਕਸ ਰਕਮ ਦਿੱਤੀ ਜਾਵੇਗੀ, ਭਾਵ ਪ੍ਰੀਖਿਆ ਕੇਂਦਰ ਵਲੋਂ ਤਸਦੀਕਸ਼ੁਦਾ ਬਿੱਲਾਂ/ਕਲੇਮ ਨਾਲ ਪੇਸ਼ ਕੀਤੇ ਜਾਂਦੇ Justification performa ਵਿਚ ਪ੍ਰੀਖਿਆ ਦੀ ਸ਼ੁਰੂ ਹੋਣ ਦੀ ਮਿਤੀ ਤੋਂ ਲੈ ਕੇ ਪ੍ਰੀਖਿਆ ਖਤਮ ਹੋਣ ਦੀ ਮਿਤੀ (ਸਵੇਰ ਸ਼ਾਮ) ਤੱਕ ਅਪੀਅਰ ਹੋਏ ਕੁੱਲ ਸਿਖਿਆਰਥੀਆਂ ਦੀ ਦਰਸਾਈ/ ਸਾਹਮਣੇ ਆਈ ਕੁੱਲ ਗਿਣਤੀ ਲਈ 10/- ਰੁਪਏ ਦੇ ਹਿਸਾਬ ਨਾਲ ਬਣਦੀ ਰਕਮ ਦੀ ਅਦਾਇਗੀ ਪ੍ਰੀਖਿਆ ਕੇਂਦਰ ਨੂੰ ਕੀਤੇ ਜਾਣਗੇ। ਇਸ ਤੋਂ ਇਲਾਵਾ ਪ੍ਰੀਖਿਆ ਕੇਂਦਰ ਵਿੱਚ ਅਪੀਅਰ ਹੋਣ ਵਾਲੇ ਦੂਜੀ ਸੰਸਥਾਵਾਂ ਦੇ ਸਿਖਿਆਰਥੀਆਂ ਦੀ ਗਿਣਤੀ (ਜੇਕਰ ਹੋਵੇਗੀ) ਵੀ ਇਸ ਵਿੱਚ ਸ਼ਾਮਲ ਕੀਤੀ ਜਾਵੇਗੀ। ਇਹ ਰੇਟ ਮਿਤੀ 3-8-2021 ਤੋਂ ਆਉਣ ਵਾਲੀਆਂ/ ਹੋਣ ਵਾਲੀਆਂ ਆਈ.ਟੀ.ਆਈ. ਪ੍ਰੀਖਿਆਵਾਂ ਤੋਂ ਪ੍ਰਵਾਨਿਤ ਕੀਤੇ ਗਏ ਹਨ, ਜਿਨ੍ਹਾਂ ਵਿਚ CBT ਆਨ ਲਾਈਨ ਪ੍ਰੀਖਿਆਵਾਂ ਸ਼ਾਮਲ ਨਹੀਂ।

ਬੋਰਡ ਦਫਤਰ ਵਲੋਂ ਪ੍ਰੀਖਿਆ ਉਪਰੰਤ ਸਬੰਧਤ ਸੰਸਥਾ ਨੂੰ ਦਿੱਤੀ ਜਾਣ ਵਾਲੀ ਇਹ ਰਕਮ, ਸੰਸਥਾ ਦੇ ਪ੍ਰਿੰਸੀਪਲ/ ਸੰਸਥਾ ਮੁੱਖੀ ਵਲੋਂ ਆਪਣੇ ਪੱਧਰ ਤੇ ਸਰਕਾਰੀ ਰੂਲਾਂ ਅਨੁਸਾਰ ਪ੍ਰੀਖਿਆ ਦੌਰਾਨ ਆਨਈਨ ਪ੍ਰਾਪਤ ਹੋਏ ਪ੍ਰਸ਼ਨ ਪੱਤਰਾਂ ਦੀ ਪ੍ਰੀਟਿੰਗ ਅਤੇ ਇਸਤੇਮਾਲ ਹੋਏ ਪੇਪਰ, ਕਪੜਾ, ਕਾਰਬਨ ਪੇਪਰ, ਪੈਨ, ਟੈਗ.ਗਮ, ਲਾਖ, ਪੇਪਰ ਪੈਕ ਕਰਨ ਲਈ ਸਿਲਾਈ ਧਾਗਾ, ਫਰਨੀਚਰ ਦੀ ਘਾਟ ਲਈ ਬਾਹਰੋ ਮੰਗਵਾਈਆਂ ਕੁਰਸੀਆਂ, ਟੈਂਟ ਅਤੇ ਬਿਜਲੀ ਗੁੱਲ ਹੋਣ ਤੇ ਆਏ ਡੀਜ਼ਲ ਦੇ ਖਰਚ ਹਿਤ ਕੀਤੀ ਜਾਵੇਗੀ। ਇਸ ਸਬੰਧੀ ਦਸਤਾਵੇਜਾਂ/ ਬਿਲਾਂ ਆਦਿ ਦੇ ਰੱਖ-ਰਖਾਵ ਦੀ ਜਿੰਮੇਵਾਰੀ ਪ੍ਰਿੰਸੀਪਲ/ਸੰਸਥਾ ਮੁੱਖੀ ਦੀ ਹੋਵੇਗੀ। ਜੇਕਰ ਸੰਸਥਾ ਵਲੋਂ ਬੋਰਡ ਦਫਤਰ ਵਲੋਂ ਫਿਕਸ ਕੀਤੀ ਗਈ ਰਾਸ਼ੀ ਤੋਂ ਵੱਧ ਖਰਚ ਕੀਤੀ ਜਾਂਦੀ ਹੈ ਤਾਂ ਉਸ ਦੀ ਅਦਾਇਗੀ ਸੰਸਥਾ ਆਪਣੇ ਪੱਧਰ ਤੇ ਕਰੇਗੀ।

ਪਰੰਤੂ ਜੀ..

ਇਸ ਤੋਂ ਇਲਾਵਾ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਵੱਖ-ਵੱਖ ਪ੍ਰੀਖਿਆਵਾਂ ਦੇ ਮੁਕੰਮਲ ਹੋਣ ਉਪਰੰਤ ਇਕ ਮਹੀਨੇ ਦੇ ਅੰਦਰ ਅੰਦਰ ਨਿਭਾਈ ਗਈ ਡਿਊਟੀ ਦੇ ਉਹਨਾਂ ਸਟਾਫ ਮੈਂਬਰਾਂ ਦੇ ਮਾਨਭੇਟਾਂ ਬਿੱਲ, ਪ੍ਰੈਕਟੀਕਲ ਪ੍ਰਿਖਿਅਕਾਂ ਦੇ ਬਿੱਲ, ਨੋਡਲ ਕੇਂਦਰ, ਫਲਾਇੰਗ ਸਕੁਐਡ, ਓਬਜਰਵਰਜ, ਆਦਿ ਦੇ ਬਿੱਲਾਂ ਨੂੰ ਨਿਰਧਾਰਤ ਪ੍ਰੋਫਾਰਮੇ/ ਫਾਰਮ ਦੀ ਵਰਤੋਂ ਕਰਦਿਆਂ ਮੁਕੰਮਲ ਕਰਕੇ ਸੰਸਥਾ ਦੇ ਪ੍ਰਿੰਸੀਪਲ/ ਮੁੱਖੀ ਤੋਂ ਸਟੈਂਪ ਅਤੇ ਹਸਤਾਖਰ ਕਰਨ ਉਪਰੰਤ ਭਿਜਵਾਏ ਜਾਣ ਜਿਨ੍ਹਾਂ ਵਲੋਂ ਜਾਰੀ ਹਦਾਇਤਾਂ ਨੂੰ ਧਿਆਨ ਵਿਚ ਰੱਖਦਿਆਂ ਆਪਣੀ ਡਿਊਟੀ ਨੂੰ ਪੂਰਾ ਕੀਤਾ ਗਿਆ ਹੋਵੇ।

ii. ਆਈ.ਟੀ.ਆਈ. ਸੰਸਥਾਵਾਂ ਦੀਆਂ ਉੱਤਰ ਕਾਪੀਆਂ ਦੀ ਮਾਰਕਿੰਗ ਲਈ 10/- ਤੋਂ ਰੁਪਏ 12/- ਪ੍ਰਤੀ ਉੱਤਰ ਕਾਪੀ ਦੇ ਮਾਣਭੇਟਾਂ ਦਾ ਵਾਧਾ ਕੀਤਾ ਗਿਆ ਹੈ। ਇਹ ਰੇਟ ਜੁਲਾਈ-ਅਗਸਤ 2021 ਦੀਆਂ ਪ੍ਰੀਖਿਆਵਾਂ ਤੋਂ ਪ੍ਰਵਾਨਿਤ ਕੀਤੇ ਗਏ ਹਨ।

* ਉਕਤ ਸੂਚਨਾਂ ਸਮਰਥ ਅਧਿਕਾਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਹੋਈ ਹੈ।

3/12/21

ਕੰਟਰੋਲਰ ਪ੍ਰੀਖਿਆਵਾਂ ਆਈ.ਟੀ.ਆਈ.

ਉਪਰੋਕਤ ਦਾ ਇਕ ਉਤਾਰਾ ਹੇਠ ਦਰਸਾਇਆ ਨੂੰ ਸੂਚਨਾਂ/ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ: -

1. ਪੀ.ਏ. ਟੂ ਸਕੱਤਰ
2. ਰਜਿਸਟਰਾਰ/ ਕੰਟਰੋਲਰ ਵਿੱਤ ਤੇ ਲੇਖਾ
3. ਸੈਕਸ਼ਨ ਅਫਸਰ ਆਈ.ਟੀ.ਆਈ.
4. ਸ਼ਾਖਾ ਦੇ ਸਮੂਹ ਸੂਚਨਾਂ ਸਹਾਇਕ

3/12/21

ਕੰਟਰੋਲਰ ਪ੍ਰੀਖਿਆਵਾਂ ਆਈ.ਟੀ.ਆਈ.